**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

**ਵੱਲ**

**ਸਮੂਹ ਸਕੂਲ ਮੁੱਖੀ (ਵੈੱਬਸਾਈਟ ਰਾਹੀਂ)**

**ਪੰਜਾਬ।**

**ਮੀਮੋ ਨੰ:** SCERT/PPP/2018/20184927/ **ਮਿਤੀ:** 12/10/2018

**ਵਿਸ਼ਾ:- ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਲਾਇਬਰੇਰੀ ਦੀਆਂ ਪੁਸਤਕਾਂ ਨਾਲ ਜੋੜਨ ਸਬੰਧੀ।**

1.0 ਉਪਰੋਕਤ ਵਿਸ਼ੇ 'ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੈ ਕਿ ਸਕੂਲ ਲਾਇਬਰੇਰੀ ਦੀ ਸਕੂਲ ਸਿੱਖਿਆ ਵਿੱਚ ਅਹਿਮ ਭੂਮਿਕਾ ਹੈ। ਲਾਇਬਰੇਰੀ ਨੂੰ ਵਿਦਿਆਰਥੀਆਂ ਲਈ ਵਰਤੋਂ ਯੋਗ ਬਣਾਉਣ ਅਤੇ ਸਕੂਲਾਂ 'ਚ ਵਿਦਿਆਰਥੀਆਂ ਨੂੰ ਲਾਇਬਰੇਰੀਆਂ ਨਾਲ ਜੋੜਨ ਪੱਖੋਂ ਉਤਸ਼ਾਹਿਤ ਕਰਨਾ ਬਹੁਤ ਜ਼ਰੂਰੀ ਹੈ। ਪਰ ਵੇਖਣ ਵਿੱਚ ਆਇਆ ਹੈ ਕਿ ਲਾਇਬਰੇਰੀਆਂ ਲਈ ਲੋੜੀਂਦੀਆਂ ਸਹੂਲਤਾਂ ਹੋਣ ਦੇ ਬਾਵਜੂਦ ਵੀ ਲਾਇਬਰੇਰੀਆਂ ਵਿੱਚੋਂ ਵਿਦਿਆਰਥੀਆਂ ਨੂੰ ਕਿਤਾਬਾਂ ਜਾਰੀ ਨਹੀਂ ਕੀਤੀਆਂ ਜਾਂਦੀਆਂ ਅਤੇ ਨਾ ਹੀ ਜਾਰੀ ਕੀਤੀਆਂ ਜਾ ਰਹੀਆਂ ਕਿਤਾਬਾਂ ਬਾਰੇ ਵਿਦਿਆਰਥੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਪ੍ਰਿੰਸੀਪਲ/ਮੁੱਖ ਅਧਿਆਪਕ, ਲਾਇਬ੍ਰੇਰੀਅਨ ਅਤੇ ਸਕੂਲ ਦਾ ਬਾਕੀ ਸਟਾਫ਼ ਵਿਦਿਆਰਥੀਆਂ ਨੂੰ ਲਾਇਬਰੇਰੀ ਨਾਲ ਜੋੜਨ ਲਈ ਹੇਠ ਲਿਖੀਆਂ ਗੱਲਾਂ 'ਤੇ ਵਿਸ਼ੇਸ਼ ਧਿਆਨ ਦੇਣ:-

2.1 ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਜਮਾਤ ਅਨੁਸਾਰ ਰੋਜ਼ਾਨਾਂ ਲਾਇਬਰੇਰੀਆਂ ਵਿੱਚੋਂ ਕਿਤਾਬਾਂ ਜਾਰੀ ਕੀਤੀਆਂ ਜਾਣ।

2.2 ਸਕੂਲ ਮੁੱਖੀ ਯਕੀਨੀ ਬਣਾਉਣਗੇ ਕਿ ਜੇਕਰ ਕਿਸੇ ਜਮਾਤ ਦਾ ਕੋਈ ਪੀਰੀਅਡ ਵਿਹਲਾ ਹੋਵੇ ਤਾਂ ਵਾਰੀ ਅਨੁਸਾਰ ਹਰੇਕ ਜਮਾਤ ਨੂੰ ਇੱਕ ਵਾਰ ਹਫ਼ਤੇ ਵਿੱਚ ਇੱਕ ਪੀਰੀਅਡ ਲਾਇਬਰੇਰੀਅਨ/ ਲਾਇਬਰੇਰੀ ਇੰਚਾਰਜ ਅਧਿਆਪਕ ਨੂੰ ਨੋਟ ਕਰਵਾਇਆ ਜਾਵੇ ਤਾਂ ਜੋ ਲਾਇਬਰੇਰੀ ਵਿੱਚ ਬੈਠ ਕੇ ਵਿਦਿਆਰਥੀਆਂ ਦੀ ਕਿਤਾਬਾਂ ਪੜ੍ਹਣ ਦੀ ਆਦਤ ਵਿਕਸਿਤ ਹੋਵੇ।

2.3 ਕਿਤਾਬਾਂ, ਰਸਾਲੇ ਤੇ ਅਖ਼ਬਾਰ ਵਿਦਿਆਰਥੀਆਂ ਲਈ ਪੜ੍ਹਣ ਵਾਸਤੇ ਲਾਇਬਰੇਰੀ ਵਿੱਚ ਬੱਚਿਆਂ ਦੀ ਪਹੁੰਚ ਵਿੱਚ ਰੱਖੇ ਜਾਣ ਅਤੇ ਸਵੇਰ ਦੀ ਸਭਾ ਦੌਰਾਨ ਵਿਦਿਆਰਥੀ ਵਾਰੋ-ਵਾਰੀ ਲਾਇਬਰੇਰੀ ਦੀਆਂ ਪੜ੍ਹੀਆਂ ਕਿਤਾਬਾਂ ਸਬੰਧੀ ਰੋਜ਼ਾਨਾ ਵਿਚਾਰ ਸਾਂਝੇ ਕਰਨਗੇ ਤਾਂ ਜੋ ਦੂਸਰੇ ਵਿਦਿਆਰਥੀਆਂ ਅੰਦਰ ਵੀ ਕਿਤਾਬਾਂ ਪੜ੍ਹਨ ਦੀਆਂ ਉਤਸ਼ਾਹੀ ਰੁਚੀਆਂ ਵਿਕਸਿਤ ਹੋਣ।

2.4 ਲਾਇਬਰੇਰੀ ਵਿੱਚੋਂ ਜਾਰੀ ਕਰਵਾਕੇ ਪੜ੍ਹੀਆਂ ਗਈਆਂ ਕਿਤਾਬਾਂ ਵਿੱਚੋਂ ਪੁਸਤਕਾਂ ਦੇ ਨਾਮ, ਲੇਖਕਾਂ ਦੇ ਨਾਮ, ਵਿਸ਼ਾ ਵਸਤੂ ਦੀ ਜਾਣਕਾਰੀ ਸਬੰਧੀ ਬਾਲ ਸਭਾ ਦੌਰਾਨ ਆਬਜੈਕਟਿਵ ਟਾਇਪ ਕੁਇਜ਼/ਮੁਕਾਬਲੇ ਕਰਵਾਏ ਜਾਣ, ਜਿਸ ਨਾਲ ਵਿਦਿਆਰਥੀਆਂ ਦੇ ਗਿਆਨ ਅਤੇ ਜਾਣਕਾਰੀ ਦੀ ਪਰਖ ਲਈ ਰੁਚੀ ਬਣੀ ਰਹੇ।

2.5 ਲਾਇਬਰੇਰੀ ਦੀਆਂ ਜਾਰੀ ਕਰਵਾਕੇ ਪੜ੍ਹੀਆਂ ਗਈਆਂ ਕਿਤਾਬਾਂ ਸਬੰਧੀ ਇੱਕ-ਦੋ ਪੰਨਿਆਂ ਦਾ ਸੰਖੇਪ ਨੋਟ ਲਿਖਣ ਲਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਜਾਵੇ। ਇਸ ਨਾਲ ਵਿਦਿਆਰਥੀਆਂ ਦਾ ਯਾਦ-ਸ਼ਕਤੀ 'ਚ ਵਾਧਾ ਅਤੇ ਲਿਖਣ ਦੇ ਕੌਸ਼ਲ ਦਾ ਵਿਕਾਸ ਹੋਵੇਗਾ।

2.6 ਵਿਦਿਆਰਥੀਆਂ ਨੂੰ ਕਿਤਾਬਾਂ ਜਾਰੀ ਕਰਨ ਤੋਂ ਇਲਾਵਾ ਲਾਇਬਰੇਰੀ ਵਿੱਚੋਂ ਜਮਾਤ ਇੰਚਾਰਜ ਨੂੰ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ 5 ਤੋਂ 10 ਕਿਤਾਬਾਂ ਹਰ ਹਫ਼ਤੇ ਜਾਰੀ ਕੀਤੀਆਂ ਜਾਣ ਅਤੇ ਇਹਨਾਂ ਕਿਤਾਬਾਂ ਨੂੰ ਵਾਰੋ-ਵਾਰੀ ਅਨੁਸਾਰ ਵਿਦਿਆਰਥੀਆਂ ਨੂੰ ਪੜ੍ਹਣ ਲਈ ਦਿੱਤਾ ਜਾਵੇ, ਜਿਸ ਸਬੰਧੀ ਜਮਾਤ 'ਚ ਅੰਤਰ ਹਾਊਸ ਮੁਕਾਬਲੇ ਵੀ ਕਰਵਾਏ ਜਾਣ।

3.0 ਸਕੂਲ ਸਿੱਖਿਆ ਸੁਧਾਰ ਟੀਮਾਂ ਸਕੂਲ ਵਿਜ਼ਿਟ ਦੌਰਾਨ ਵਿਦਿਆਰਥੀਆਂ ਨੂੰ ਜਾਰੀ ਕੀਤੀਆਂ ਗਈਆਂ ਕਿਤਾਬਾਂ ਵਿੱਚੋਂ ਸਵਾਲ ਜ਼ਰੂਰ ਕਰਨ ਤਾਂ ਜੋ ਵਿਦਿਆਰਥੀਆਂ ਦੁਆਰਾ ਪੜ੍ਹੀਆਂ ਕਿਤਾਬਾਂ ਦਾ ਪਤਾ ਚਲ ਸਕੇ।

4.0 ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਸਕੱਤਰ ਸਕੂਲ ਸਿੱਖਿਆ, ਪੰਜਾਬ।**

**ਪਿੱਠ ਅੰਕਣ ਨੰ.** **ਮਿਤੀ:**

**ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ;**

1. **ਪੀ.ਏ.ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ।**
2. **ਪੀ.ਏ. ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ।**
3. **ਡੀ.ਪੀ.ਆਈ. (ਸੈ.ਸਿੱ.) ਪੰਜਾਬ।**
4. **ਡੀ.ਪੀ.ਆਈ. (ਐ.ਸਿੱ.) ਪੰਜਾਬ।**
5. **ਡਾਇਰੈਕਟਰ, ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ।**
6. **ਸਮੂਹਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ/ਐ.ਸਿੱ)**

**ਸਕੱਤਰ ਸਕੂਲ ਸਿੱਖਿਆ, ਪੰਜਾਬ।**